# ਕੀ ਕੋਈ ਕਲੀਨਿਕਲ ਅਜ਼ਮਾਇਸ਼ ਤੁਹਾਡੇ ਲਈ ਸਹੀ ਹੈ?

**ਕਲੀਨਿਕਲ ਅਜ਼ਮਾਇਸ਼ਾਂ ਦਾ ਉਦੇਸ਼ ਕੈਂਸਰ ਅਤੇ ਹੋਰ ਬਿਮਾਰੀਆਂ ਤੋਂ ਪ੍ਰਭਾਵਿਤ ਲੋਕਾਂ ਦੀ ਦੇਖਭਾਲ ਅਤੇ ਜੀਵਨ ਗੁਣਵੱਤਾ ਨੂੰ ਬਿਹਤਰ ਬਣਾਉਣ ਦੇ ਤਰੀਕਿਆਂ ਨੂੰ ਲੱਭਣਾ ਹੈ। ਇਹ ਜਾਣਕਾਰੀ ਸ਼ੀਟ ਕਲੀਨਿਕਲ ਅਜ਼ਮਾਇਸ਼ ਵਿਚ ਸ਼ਾਮਲ ਹੋਣ ਦੀ ਪ੍ਰਕਿਰਿਆ ਵਿਚ ਤੁਹਾਡਾ ਮਾਰਗਦਰਸ਼ਨ ਕਰੇਗੀ ਅਤੇ ਤੁਹਾਡਾ ਇਲਾਜ ਕਰਨ ਵਾਲੀ ਟੀਮ ਨੂੰ ਪ੍ਰਸ਼ਨ ਪੁੱਛਣ ਵਿੱਚ ਸਹਾਇਤਾ ਕਰੇਗੀ।**

## ਕਲੀਨਿਕਲ ਅਜ਼ਮਾਇਸ਼ ਵਿੱਚ ਹਿੱਸਾ ਲੈਣ ਦੇ ਕੀ ਫ਼ਾਇਦੇ ਹੁੰਦੇ ਹਨ?

- ਉਹਨਾਂ ਇਲਾਜਾਂ ਜਾਂ ਟੈਸਟਾਂ ਤੱਕ ਪਹੁੰਚ ਜੋ ਅਜੇ ਉਪਲਬਧ ਨਹੀਂ ਹਨ।
- ਇਲਾਜ ਦੇ ਉਪਲਬਧ ਮੌਜੂਦਾ ਵਿਕਲਪਾਂ ਨਾਲੋਂ ਟੈਸਟ ਕੀਤੇ ਜਾ ਰਹੇ ਇਲਾਜ ਤੁਹਾਡੇ ਲਈ ਵਧੀਆ ਕੰਮ ਕਰ ਸਕਦੇ ਹਨ।
- ਕਲੀਨਿਕਲ ਅਜ਼ਮਾਇਸ਼ ਕਰਨ ਵਾਲੇ ਡਾਕਟਰਾਂ, ਨਰਸਾਂ ਅਤੇ ਕੋਆਰਡੀਨੇਟਰਾਂ ਦੀ ਇੱਕ ਮਾਹਰ ਟੀਮ ਤੋਂ ਨਜ਼ਦੀਕੀ ਤੌਰ 'ਤੇ ਕਲੀਨਿਕਲ ਅਜ਼ਮਾਇਸ਼ ਨਿਗਰਾਨੀ, ਦੇਖਭਾਲ ਅਤੇ ਸਹਾਇਤਾ ਮਿਲੇਗੀ।

## ਕਲੀਨਿਕਲ ਅਜ਼ਮਾਇਸ਼ ਵਿੱਚ ਹਿੱਸਾ ਲੈਣ ਦੇ ਕੀ ਨੁਕਸਾਨ ਹਨ?

- ਤੁਸੀਂ ਪ੍ਰਯੋਗਾਤਮਕ ਇਲਾਜਾਂ ਕਾਰਨ ਅਸੁਖਾਵੇਂ, ਗੰਭੀਰ ਜਾਂ ਜਾਨਲੇਵਾ ਮਾੜੇ ਪ੍ਰਭਾਵਾਂ ਦਾ ਅਨੁਭਵ ਵੀ ਕਰ ਸਕਦੇ ਹੋ।
- ਹੋ ਸਕਦਾ ਹੈ ਕਿ ਇਲਾਜ ਦੇ ਉਪਲਬਧ ਮੌਜੂਦਾ ਵਿਕਲਪਾਂ ਨਾਲੋਂ ਟੈਸਟ ਕੀਤੇ ਜਾ ਰਹੇ ਇਲਾਜ ਤੁਹਾਡੇ ਲਈ ਵਧੀਆ ਕੰਮ ਨਾ ਕਰਨ।
- ਤੁਹਾਨੂੰ ਸਮੀਖਿਆਵਾਂ, ਟੈਸਟਾਂ ਅਤੇ ਸਕੈਨਾਂ ਲਈ ਵੱਧ ਵਾਰ ਜਾਣ ਦੀ ਜ਼ਰੂਰਤ ਹੋ ਸਕਦੀ ਹੈ।

## ਸੂਚਿਤ ਸਹਿਮਤੀ ਕੀ ਹੁੰਦੀ ਹੈ?

ਤੁਹਾਡੀ ਕਲੀਨਿਕਲ ਅਜ਼ਮਾਇਸ਼ ਟੀਮ ਤੁਹਾਨੂੰ ਕਲੀਨਿਕਲ ਅਜ਼ਮਾਇਸ਼ ਬਾਰੇ ਸਾਰੀ ਜਾਣਕਾਰੀ ਦੇਵੇਗੀ ਅਤੇ ਤੁਹਾਡੇ ਨਾਲ ਚਰਚਾ ਕਰੇਗੀ। ਇਹ ਜਾਣਕਾਰੀ ਤੁਹਾਡੇ '**ਮਰੀਜ਼ ਸੂਚਿਤ ਸਹਿਮਤੀ ਫਾਰਮ** 'ਤੇ ਵੀ ਹੋਵੇਗੀ। ਇਹ ਫ਼ੈਸਲਾ ਕਰਨ ਵਿੱਚ ਸਹਾਇਤਾ ਕਰਨ ਲਈ ਕਿ ਕੀ ਕਲੀਨਿਕਲ ਅਜ਼ਮਾਇਸ਼ ਤੁਹਾਡੇ ਲਈ ਸਹੀ ਹੈ, ਅਸੀਂ ਤੁਹਾਨੂੰ ਇਹ ਕਰਨ ਲਈ ਉਤਸ਼ਾਹਤ ਕਰਦੇ ਹਾਂ:

- ਪਰਿਵਾਰ ਦੇ ਕਿਸੇ ਮੈਂਬਰ ਜਾਂ ਤੁਹਾਡੇ ਜਨਰਲ ਪ੍ਰੈਕਟੀਸ਼ਨਰ (GP) ਨਾਲ 'ਮਰੀਜ਼ ਸੂਚਿਤ ਸਹਿਮਤੀ ਫਾਰਮ' 'ਤੇ ਚਰਚਾ ਕਰਨ ਲਈ।
- ਇਸ ਨਾਲ ਨੱਥੀ 'ਕਿਰਪਾ ਕਰਕੇ ਸਾਨੂੰ ਪੁੱਛੋ' ਚੈੱਕਲਿਸਟ ਦੀ ਵਰਤੋਂ ਕਰੋ ਉਹਨਾਂ ਸਵਾਲਾਂ ਬਾਰੇ ਸੋਚਣ ਲਈ ਜੋ ਤੁਸੀਂ ਆਪਣੀ ਅਗਲੀ ਮੁਲਾਕਾਤ 'ਤੇ ਪੁੱਛਣਾ ਚਾਹ ਸਕਦੇ ਹੋ।

ਇਸ ਤੋਂ ਬਾਅਦ, ਜੇ ਤੁਸੀਂ ਕਲੀਨਿਕਲ ਅਜ਼ਮਾਇਸ਼ ਵਿਚ ਹਿੱਸਾ ਲੈਣ ਦਾ ਫ਼ੈਸਲਾ ਕਰਦੇ ਹੋ, ਤਾਂ ਤੁਹਾਨੂੰ ਹਿੱਸਾ ਲੈਣ ਤੋਂ ਪਹਿਲਾਂ 'ਮਰੀਜ਼ **ਸੂਚਿਤ ਸਹਿਮਤੀ** ਫਾਰਮ' ਨੂੰ ਪੜ੍ਹਨ ਅਤੇ ਦਸਤਖ਼ਤ ਕਰਨ ਲਈ ਕਿਹਾ ਜਾਵੇਗਾ। ਇਸਦਾ ਮਤਲਬ ਹੈ ਕਿ:

- ਤੁਹਾਨੂੰ ਕਲੀਨਿਕਲ ਅਜ਼ਮਾਇਸ਼ ਬਾਰੇ ਉਸ ਭਾਸ਼ਾ ਵਿੱਚ **ਸੂਚਿਤ** ਕੀਤਾ ਗਿਆ ਹੈ ਜਿਸਨੂੰ ਤੁਸੀਂ ਸਮਝਦੇ ਹੋ, ਅਤੇ ਤੁਹਾਨੂੰ ਇਹ ਫ਼ੈਸਲਾ ਕਰਨ ਵਿੱਚ ਮਦਦਗਾਰ ਸਾਰੀ ਲੋੜੀਂਦੀ ਜਾਣਕਾਰੀ ਦਿੱਤੀ ਗਈ ਹੈ ਕਿ ਕੀ ਕੋਈ ਕਲੀਨਿਕਲ ਅਜ਼ਮਾਇਸ਼ ਤੁਹਾਡੇ ਲਈ ਸਹੀ ਹੈ ਜਾਂ ਨਹੀਂ।
- ਤੁਸੀਂ ਕਲੀਨਿਕਲ ਅਜ਼ਮਾਇਸ਼ ਬਾਰੇ ਸਾਰੀ ਜਾਣਕਾਰੀ ਨੂੰ ਸਮਝਣ ਤੋਂ ਬਾਅਦ, ਕਲੀਨਿਕਲ ਅਜ਼ਮਾਇਸ਼ ਵਿਚ ਹਿੱਸਾ ਲੈਣ ਲਈ **ਸਹਿਮਤੀ** ਦਿੰਦੇ ਹੋ।

## ਜੇਕਰ ਤੁਸੀਂ ਕਹਿੰਦੇ ਹੋ, "ਨਹੀਂ, ਮੈਂ ਹਿੱਸਾ ਨਹੀਂ ਲੈਣਾ ਚਾਹੁੰਦਾ ਹਾਂ" ਤਾਂ ਕੀ ਹੁੰਦਾ ਹੈ?

ਤੁਸੀਂ ਕਲੀਨਿਕਲ ਅਜ਼ਮਾਇਸ਼ ਵਿੱਚ ਹਿੱਸਾ ਲੈਣ ਲਈ "ਨਹੀਂ" ਕਹਿ ਸਕਦੇ ਹੋ। "ਨਹੀਂ" ਕਹਿਣ ਨਾਲ ਤੁਹਾਡਾ ਇਲਾਜ ਜਾਂ ਤੁਹਾਡੇ ਆਪਣੇ ਡਾਕਟਰ ਨਾਲ ਸੰਬੰਧਾਂ 'ਤੇ ਕੋਈ ਅਸਰ ਨਹੀਂ ਪਵੇਗਾ।

## ਜੇਕਰ ਤੁਸੀਂ ਕਹਿੰਦੇ ਹੋ, "ਹਾਂ, ਮੈਂ ਹਿੱਸਾ ਲੈਣਾ ਚਾਹੁੰਦਾ ਹਾਂ" ਤਾਂ ਕੀ ਹੁੰਦਾ ਹੈ?

ਜੇ ਤੁਸੀਂ ਕਲੀਨਿਕਲ ਅਜ਼ਮਾਇਸ਼ ਵਿੱਚ ਹਿੱਸਾ ਲੈਣ ਲਈ "ਹਾਂ" ਕਹਿੰਦੇ ਹੋ, ਤਾਂ ਕਲੀਨਿਕਲ ਅਜ਼ਮਾਇਸ਼ ਡਾਕਟਰ ਤੁਹਾਨੂੰ 'ਮਰੀਜ਼ ਸੂਚਿਤ ਸਹਿਮਤੀ ਫਾਰਮ' ਤੇ ਦਸਤਖ਼ਤ ਕਰਨ ਲਈ ਕਹੇਗਾ।

## ਯੋਗਤਾ ਕੀ ਹੈ?

ਸਾਰੇ ਕਲੀਨਿਕਲ ਅਜ਼ਮਾਇਸ਼ਾਂ ਵਿੱਚ ਯੋਗਤਾ ਮਾਪਦੰਡਾਂ ਦਾ ਇੱਕ ਸਮੂਹ ਹੁੰਦਾ ਹੈ ਜੋ ਮਰੀਜ਼ਾਂ ਨੂੰ ਕਲੀਨਿਕਲ ਅਜ਼ਮਾਇਸ਼ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਪੂਰਾ ਕਰਨ ਦੀ ਜ਼ਰੂਰਤ ਹੁੰਦੀ ਹੈ।

ਯੋਗਤਾ ਦੇ ਮਾਪਦੰਡਾਂ ਵਿੱਚ ਉਮਰ, ਡਾਕਟਰੀ ਇਤਿਹਾਸ ਅਤੇ ਮੌਜੂਦਾ ਸਿਹਤ ਸਥਿਤੀ ਸ਼ਾਮਲ ਹੋ ਸਕਦੀ ਹੈ।

ਇਹ ਮਾਪਦੰਡ ਇਹ ਯਕੀਨੀ ਬਣਾਉਣ ਲਈ ਲਾਗੂ ਕੀਤੇ ਗਏ ਹਨ ਕਿ ਜਿਨ੍ਹਾਂ ਮਰੀਜ਼ਾਂ ਨੂੰ ਗੰਭੀਰ ਮਾੜੇ ਪ੍ਰਭਾਵਾਂ ਦਾ ਅਨੁਭਵ ਹੋਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ, ਉਨ੍ਹਾਂ ਨੂੰ **ਜ਼ੋਖਮ ਵਿੱਚ ਨਹੀਂ ਪਾਇਆ ਜਾਂਦਾ ਹੈ**।

ਇੱਕ ਵਾਰ ਜਦੋਂ ਤੁਸੀਂ ਆਪਣੇ 'ਮਰੀਜ਼ ਸੂਚਿਤ ਸਹਿਮਤੀ ਫਾਰਮ' ਤੇ ਦਸਤਖ਼ਤ ਕਰ ਲੈਂਦੇ ਹੋ, ਤਾਂ ਸਾਡੇ ਕੋਲ ਇਹ ਦੇਖਣ ਲਈ ਟੈਸਟ ਜਾਂ ਸਕੈਨ ਕਰਨ ਲਈ ਤੁਹਾਡੀ ਆਗਿਆ ਹੁੰਦੀ ਹੈ ਕਿ ਕੀ ਤੁਸੀਂ ਯੋਗ ਹੋ ਜਾਂ ਨਹੀਂ।

'ਮਰੀਜ਼ ਸੂਚਿਤ ਸਹਿਮਤੀ ਫਾਰਮ' 'ਤੇ ਦਸਤਖ਼ਤ ਕਰਨ ਨਾਲ ਇਸ ਗੱਲ ਦੀ ਕੋਈ ਗਾਰੰਟੀ **ਨਹੀਂ** ਹੈ ਕਿ ਤੁਸੀਂ ਕਲੀਨਿਕਲ ਅਜ਼ਮਾਇਸ਼ ਵਿਚ ਹਿੱਸਾ ਲੈਣ ਦੇ ਯੋਗ ਹੋਵੋਗੇ। ਕਲੀਨਿਕਲ ਅਜ਼ਮਾਇਸ਼ ਰਾਹੀਂ ਇਲਾਜ ਪ੍ਰਾਪਤ ਕਰਨ ਤੋਂ ਪਹਿਲਾਂ ਤੁਹਾਡਾ ਯੋਗਤਾ ਦੇ ਸਾਰੇ ਮਾਪਦੰਡਾਂ ਨੂੰ ਪੂਰਾ ਕਰਦੇ ਹੋਣਾ ਲਾਜ਼ਮੀ ਹੈ।

ਜੇ ਤੁਹਾਡੇ ਕੋਲ ਕਲੀਨਿਕਲ ਅਜ਼ਮਾਇਸ਼ਾਂ ਬਾਰੇ ਕੋਈ ਪ੍ਰਸ਼ਨ ਹਨ, ਤਾਂ ਕਿਰਪਾ ਕਰਕੇ ਆਪਣੇ ਡਾਕਟਰ ਨਾਲ ਗੱਲ ਕਰੋ। ਜੇਕਰ ਤੁਸੀਂ ਜਾਂ ਤੁਹਾਡਾ ਪਰਿਵਾਰ ਉਪਲਬਧ ਕਲੀਨਿਕਲ ਅਜ਼ਮਾਇਸ਼ਾਂ ਬਾਰੇ ਹੋਰ ਜਾਣਕਾਰੀ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਸਾਡੇ ਨਾਲ ਇਸ ਈਮੇਲ ਰਾਹੀਂ ਸੰਪਰਕ ਕਰੋ: [insert email address for patient enquiries] ਜਾਂ ਇਸ ਫ਼ੋਨ ਰਾਹੀਂ: [insert phone number].

ਜੂਨ 2020



ਪਾਰਕਵਿੱਲੇ ਕੈਂਸਰ ਕਲੀਨਿਕਲ ਟ੍ਰਾਇਲਜ਼ ਯੂਨਿਟ ਦੁਆਰਾ ਬਣਾਇਆ ਗਿਆ ਹੈ

ਵਿਕਟੋਰੀਅਨ ਕੰਪਰੀਹੈਂਸਿਵ ਕੈਂਸਰ ਸੈਂਟਰ (VCCC) ਅਲਾਇੰਸ ਦੁਆਰਾ ਅਨੁਵਾਦ ਕੀਤਾ ਗਿਆ ਹੈ

# ਕਿਰਪਾ ਕਰਕੇ ਸਾਨੂੰ ਪੁੱਛੋ ਕਿ...

**ਸਵਾਲ ਪੁੱਛਣਾ 'ਸੂਚਿਤ ਸਹਿਮਤੀ' ਦਾ ਇੱਕ ਅਹਿਮ ਹਿੱਸਾ ਹੈ।
ਅਸੀਂ ਕੁੱਝ ਸਵਾਲ ਦਿੱਤੇ ਹਨ ਜੋ ਤੁਸੀਂ ਆਪਣੀ ਕਲੀਨਿਕਲ ਅਜ਼ਮਾਇਸ਼ ਟੀਮ ਨੂੰ ਪੁੱਛਣਾ ਚਾਹ ਸਕਦੇ ਹੋ। ਤੁਹਾਡੇ ਆਪਣੇ ਖੁਦ ਦੇ ਸਵਾਲ ਵੀ ਹੋ ਸਕਦੇ ਹਨ ਜੋ ਤੁਸੀਂ ਇਸ ਪੰਨੇ 'ਤੇ ਲਿਖ ਸਕਦੇ ਹੋ।**

## ਆਪਣੇ ਡਾਕਟਰ ਨੂੰ ਪੁੱਛੋ ਕਿ...

- ☐ ਇਹ ਕਲੀਨਿਕਲ ਅਜ਼ਮਾਇਸ਼ ਕਿਸ ਬਾਰੇ ਹੈ?
- ☐ ਕੀ ਮੇਰੇ ਲਈ ਹੋਰ ਕਲੀਨਿਕਲ ਅਜ਼ਮਾਇਸ਼ਾਂ ਉਪਲਬਧ ਹਨ?
- ☐ ਕੀ ਮੈਂ ਕਲੀਨਿਕਲ ਅਜ਼ਮਾਇਸ਼ ਵਿੱਚ ਹਿੱਸਾ ਲਏ ਬਗੈਰ ਕਲੀਨਿਕਲ ਅਜ਼ਮਾਇਸ਼ ਦਾ ਇਲਾਜ ਪ੍ਰਾਪਤ ਕਰ ਸਕਦਾ/ਦੀ ਹਾਂ?
- ☐ ਜੇ ਮੈਂ ਹਿੱਸਾ ਨਾ ਲਵਾਂ, ਤਾਂ ਮੈਨੂੰ ਕਿਹੜਾ ਇਲਾਜ ਮਿਲੇਗਾ?
- ☐ ਇਸ ਕਲੀਨਿਕਲ ਅਜ਼ਮਾਇਸ਼ ਵਿਚ ਹਿੱਸਾ ਲੈਣ ਦੇ ਕੀ ਫ਼ਾਇਦੇ ਹਨ?
- ☐ ਇਸ ਕਲੀਨਿਕਲ ਅਜ਼ਮਾਇਸ਼ ਵਾਲੇ ਇਲਾਜ ਦੇ ਨੁਕਸਾਨ ਜਾਂ ਜ਼ੋਖਮ ਕੀ ਹਨ?

## ਜੇ ਮੈਨੂੰ ਅਜ਼ਮਾਇਸ਼ ਵਾਲਾ ਇਲਾਜ ਮਿਲਦਾ ਹੈ ਤਾਂ ਕੀ ਹੁੰਦਾ ਹੈ?

- ☐ ਇਸ ਕਲੀਨਿਕਲ ਅਜ਼ਮਾਇਸ਼ ਵਾਲੇ ਇਲਾਜ ਬਾਰੇ ਪਹਿਲਾਂ ਤੋਂ ਕੀ ਪਤਾ ਹੈ?
- ☐ ਇਸ ਕਲੀਨਿਕਲ ਅਜ਼ਮਾਇਸ਼ 'ਤੇ ਕਿਸ ਕਿਸਮ ਦਾ ਇਲਾਜ ਕੀਤਾ ਜਾਂਦਾ ਹੈ?
- ☐ ਕੀ ਮੈਨੂੰ ਪਤਾ ਹੋਵੇਗਾ ਕਿ ਮੈਨੂੰ ਕਿਹੜਾ ਇਲਾਜ ਮਿਲ ਰਿਹਾ ਹੈ?
- ☐ ਮੇਰਾ ਕਲੀਨਿਕਲ ਅਜ਼ਮਾਇਸ਼ ਵਾਲਾ ਇਲਾਜ ਕਿਵੇਂ ਕੀਤਾ ਜਾਵੇਗਾ?
- ☐ ਕੀ ਮੈਂ ਕਲੀਨਿਕਲ ਅਜ਼ਮਾਇਸ਼ ਖ਼ਤਮ ਹੋਣ ਤੋਂ ਬਾਅਦ ਇਲਾਜ ਦੀ ਵਰਤੋਂ ਕਰਨਾ ਜਾਰੀ ਰੱਖ ਸਕਦਾ/ਦੀ ਹਾਂ?
- ☐ ਜੇ ਕਲੀਨਿਕਲ ਅਜ਼ਮਾਇਸ਼ ਦੌਰਾਨ ਮੈਂ ਬਿਮਾਰ ਹੋ ਜਾਂਦਾ/ਦੀ ਹਾਂ ਜਾਂ ਕੁੱਝ ਗਲਤ ਹੋ ਜਾਂਦਾ ਹੈ ਤਾਂ ਕੀ ਹੁੰਦਾ ਹੈ?
- ☐ ਜੇਕਰ ਕਲੀਨਿਕਲ ਅਜ਼ਮਾਇਸ਼ ਦਾ ਇਲਾਜ ਮੇਰੀ ਮੱਦਦ ਨਹੀਂ ਕਰ ਰਿਹਾ ਤਾਂ ਕੀ ਹੁੰਦਾ ਹੈ?
- ☐ ਕੀ ਮੈਂ ਆਪਣੀਆਂ ਮੌਜੂਦਾ ਨਿਰਧਾਰਤ ਦਵਾਈਆਂ ਜਾਂ ਵਿਕਲਪਿਕ ਥੈਰੇਪੀਆਂ ਲੈਣਾ ਜਾਰੀ ਰੱਖ ਸਕਦਾ/ਦੀ ਹਾਂ?

## ਆਪਣੇ ਨਰਸ ਜਾਂ ਕੋਆਰਡੀਨੇਟਰ ਨੂੰ ਪੁੱਛੋ ਕਿ...

- ☐ ਇਸ ਕਲੀਨਿਕਲ ਅਜ਼ਮਾਇਸ਼ 'ਤੇ ਮੇਰੀ ਇਲਾਜ ਕਰਨ ਵਾਲੀ ਟੀਮ ਕੌਣ ਹੋਵੇਗੀ?
- ☐ ਜਦੋਂ ਤੱਕ ਮੈਂ ਕਲੀਨਿਕਲ ਅਜ਼ਮਾਇਸ਼ 'ਤੇ ਹਾਂ ਤਾਂ ਮੇਰੀ ਪ੍ਰਸ਼ਨਾਂ ਜਾਂ ਚਿੰਤਾਵਾਂ ਨਾਲ ਮੱਦਦ ਕੌਣ ਕਰ ਸਕਦਾ ਹੈ?
- ☐ ਮੇਰੇ ਕਲੀਨਿਕਲ ਅਜ਼ਮਾਇਸ਼ ਦੇ ਨਤੀਜਿਆਂ ਦਾ ਕੀ ਹੁੰਦਾ ਹੈ?
- ☐ ਕੀ ਇਹ ਨਤੀਜੇ ਜਨਤਕ ਕੀਤੇ ਗਏ ਹਨ?

## ਮੇਰੀ ਨਿੱਜੀ ਜਾਣਕਾਰੀ ਦਾ ਕੀ ਹੁੰਦਾ ਹੈ?

- ☐ ਮੇਰੀ ਗੁਪਤਤਾ ਕਿਵੇਂ ਸੁਰੱਖਿਅਤ ਹੈ?
- ☐ ਕੀ ਮੇਰਾ ਨਾਮ ਮੇਰੀ ਕਲੀਨਿਕਲ ਅਜ਼ਮਾਇਸ਼ ਜਾਣਕਾਰੀ ਨਾਲ ਵਰਤਿਆ ਜਾਵੇਗਾ?
- ☐ ਕਲੀਨਿਕਲ ਅਜ਼ਮਾਇਸ਼ ਦੇ ਹਿੱਸੇ ਵਜੋਂ ਮੈਂ ਜੋ ਜਾਣਕਾਰੀ ਪ੍ਰਦਾਨ ਕਰਾਂਗਾ/ਗੀ ਉਸਨੂੰ ਕੌਣ ਦੇਖੇਗਾ?
- ☐ ਜੇ ਮੈਂ ਕਲੀਨਿਕਲ ਅਜ਼ਮਾਇਸ਼ ਛੱਡ ਦੇਵਾਂ ਤਾਂ ਮੇਰੀ ਜਾਣਕਾਰੀ ਦਾ ਕੀ ਹੋਵੇਗਾ?

## ਜੇ ਮੈਂ ਹਿੱਸਾ ਲਵਾਂ ਤਾਂ ਮੇਰਾ ਕੀ ਬਣੇਗਾ?

- ☐ ਜੇ ਮੈਂ ਕਲੀਨਿਕਲ ਅਜ਼ਮਾਇਸ਼ ਵਿਚ ਸ਼ਾਮਲ ਹੋ ਜਾਵਾਂ ਪਰ ਬਾਅਦ ਵਿਚ ਆਪਣਾ ਮਨ ਬਦਲ ਲਵਾਂ, ਤਾਂ ਮੈਂ ਇਸਨੂੰ ਕਿਵੇਂ ਰੋਕਾਂ?
- ☐ ਇਸ ਵਿੱਚ ਕਿੰਨ੍ਹੇ ਸਮੇਂ ਦੀ ਵਚਨਬੱਧਤਾ ਸ਼ਾਮਲ ਹੈ?
- ☐ ਕੀ ਮੈਨੂੰ ਕੋਈ ਵਾਧੂ ਟੈਸਟ ਜਾਂ ਪ੍ਰਕਿਰਿਆ ਕਰਨ ਦੀ ਜ਼ਰੂਰਤ ਹੋਵੇਗੀ?
- ☐ ਜੇ ਮੈਂ ਕਲੀਨਿਕਲ ਅਜ਼ਮਾਇਸ਼ ਵਿਚ ਹਿੱਸਾ ਲੈਂਦਾ ਹਾਂ ਤਾਂ ਕੀ ਮੇਰੇ ਲਈ ਵਾਧੂ ਖ਼ਰਚੇ ਹੋਣਗੇ?
- ☐ ਕੀ ਮੈਂ ਕਲੀਨਿਕਲ ਅਜ਼ਮਾਇਸ਼ ਵਾਲਾ ਇਲਾਜ ਜਾਂ ਪ੍ਰਕਿਰਿਆਵਾਂ ਆਪਣੇ ਘਰ ਦੇ ਨੇੜੇ ਲੈ ਸਕਦਾ/ਦੀ ਹਾਂ?
- ☐ ਕੀ ਮੇਰੇ ਲਈ ਜਾਂ ਮੇਰੇ ਸਾਥੀ ਲਈ ਹਿੱਸਾ ਲੈਂਦੇ ਸਮੇਂ ਦੁੱਧ ਚੁੰਘਾਉਣਾ ਜਾਂ ਗਰਭਵਤੀ ਹੋਣਾ ਸੁਰੱਖਿਅਤ ਹੈ?
- ☐ ਕੀ ਮੈਨੂੰ ਹਿੱਸਾ ਲੈਣ ਵੇਲੇ ਗਰਭ ਨਿਰੋਧ ਦੀ ਵਰਤੋਂ ਕਰਨੀ ਚਾਹੀਦੀ ਹੈ?

ਜੂਨ 2020



ਪਾਰਕਵਿੱਲੇ ਕੈਂਸਰ ਕਲੀਨਿਕਲ ਟ੍ਰਾਇਲਜ਼ ਯੂਨਿਟ ਦੁਆਰਾ ਬਣਾਇਆ ਗਿਆ ਹੈ

ਵਿਕਟੋਰੀਅਨ ਕੰਪਰੀਹੈਂਸਿਵ ਕੈਂਸਰ ਸੈਂਟਰ (VCCC) ਅਲਾਇੰਸ ਦੁਆਰਾ ਅਨੁਵਾਦ ਕੀਤਾ ਗਿਆ ਹੈ

## ਤੁਹਾਡੇ ਸਵਾਲ:

## ਤੁਹਾਡੇ ਨੋਟਸ:



ਪਾਰਕਵਿੱਲੇ ਕੈਂਸਰ ਕਲੀਨਿਕਲ ਟ੍ਰਾਇਲਜ਼ ਯੂਨਿਟ ਦੁਆਰਾ ਬਣਾਇਆ ਗਿਆ ਹੈ

ਵਿਕਟੋਰੀਅਨ ਕੰਪਰੀਹੈਂਸਿਵ ਕੈਂਸਰ ਸੈਂਟਰ (VCCC) ਅਲਾਇੰਸ ਦੁਆਰਾ ਅਨੁਵਾਦ ਕੀਤਾ ਗਿਆ ਹੈ